# #DontBeAMule

## ⚠ ਸਾਵਧਾਨ ਰਹੋ

### ਅਪਰਾਧੀ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ

ਅਪਰਾਧੀ ਵਿਦਿਆਰਥੀਆਂ ਨੂੰ (ਔਨਲਾਈਨ ਅਤੇ ਵਿਅਕਤੀਗਤ ਰੂਪ ਵਿੱਚ) ਨਿਸ਼ਾਨਾ ਬਣਾ ਰਹੇ ਹਨ ਅਤੇ ਉਹਨਾਂ ਨੂੰ ਉਹਨਾਂ ਦੇ ਬੈਂਕ ਖਾਤੇ ਵਿੱਚ ਪੈਸੇ ਪ੍ਰਾਪਤ ਕਰਨ ਅਤੇ ਫਿਰ ਇਸਨੂੰ ਕਿਸੇ ਹੋਰ ਖਾਤੇ ਜਾਂ ਕ੍ਰਿਪਟੋਕਰੰਸੀ ਐਕਸਚੇਂਜ ਵਿੱਚ ਟ੍ਰਾਂਸਫਰ ਕਰਨ ਲਈ ਪੈਸੇ ਦੇਣ ਦੀ ਪੇਸ਼ਕਸ਼ ਕਰ ਰਹੇ ਹਨ। ਕਈ ਵਾਰ ਅਣਜਾਣੇ ਵਿੱਚ, ਮਨੀ ਮਿਊਲਾਂ ਦੀ ਅਪਰਾਧੀਆਂ ਦੁਆਰਾ ਚੋਰੀ ਕੀਤੇ ਪੈਸੇ ਨੂੰ ਦੂਜਿਆਂ ਦੀ ਤਰਫੋਂ ਟ੍ਰਾਂਸਫਰ ਕਰਨ ਲਈ ਭਰਤੀ ਕੀਤੀ ਜਾਂਦੀ ਹੈ।

ਮਨੀ ਮਿਊਲਿੰਗ ਦੇ ਤੌਰ 'ਤੇ ਪੈਸੇ ਦੇ ਲੈਣ-ਦੇਣ ਵਿੱਚ ਹਿੱਸਾ ਲੈਣਾ ਇੱਕ ਗੰਭੀਰ ਅਪਰਾਧਿਕ ਜੁਰਮ ਹੈ, ਜੇਕਰ ਦੋਸ਼ ਸਿੱਧ ਹੋ ਜਾਂਦਾ ਹੈ ਤਾਂ ਤੁਹਾਨੂੰ 12 ਮਹੀਨਿਆਂ ਤੋਂ ਲੈ ਕੇ ਉਮਰ ਕੈਦ ਤੱਕ ਦੀ ਕੋਈ ਵੀ ਸਜ਼ਾ ਹੋ ਸਕਦੀ ਹੈ। ਮਨੀ ਮਿਊਲਿੰਗ ਦੇ ਝਾਂਸੇ ਵਿੱਚ ਨਾ ਆਓ, ਭਾਵੇਂ ਤੁਹਾਨੂੰ ਕਾਫ਼ੀ ਜ਼ਿਆਦਾ ਵਿੱਤੀ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।



## ਮਨੀ ਮਿਊਲ ਵਜੋਂ ਭਰਤੀ ਕੀਤੇ ਜਾਣ ਵਾਲੇ ਘੁਟਾਲਿਆਂ ਤੋਂ ਸੁਰੱਖਿਅਤ ਰਹੋ

### ਰੁਕੋ

- ਇਸ ਗੱਲ 'ਤੇ ਵਿਚਾਰ ਕਰਨ ਲਈ ਕੁੱਝ ਸਮਾਂ ਲਵੋ ਕਿ ਕੀ ਇਹ ਪੇਸ਼ਕਸ਼ ਸੱਚ ਹੋਣ ਲਈ ਬਹੁਤ ਵਧੀਆ ਲੱਗ ਰਹੀ ਹੈ, ਚੌਕਸ ਹੋ ਜਾਓ।
- ਨੌਕਰੀ ਦੇ ਉਨ੍ਹਾਂ ਇਸ਼ਤਿਹਾਰਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖੋ ਜੋ ਤੇਜ਼ ਅਤੇ ਆਸਾਨੀ ਨਾਲ ਪੈਸਾ ਕਮਾਉਣ ਦਾ ਮੌਕਾ ਦਿੰਦੇ ਹਨ।

### ਜਾਂਚੋ

- ਸੰਭਾਵੀ ਰੁਜ਼ਗਾਰਦਾਤਾ ਬਾਰੇ ਢੁੱਕਵੀ ਜਾਂਚ-ਪੜਤਾਲ ਕੀਤੇ ਬਿਨਾਂ ਕਿਸੇ ਵੀ ਮੌਕੇ ਲਈ ਸਾਈਨ ਅੱਪ ਨਾ ਕਰੋ। ਉਦਾਹਰਨ ਲਈ, ਕੀ ਉਨ੍ਹਾਂ ਦੀ ਔਨਲਾਈਨ ਮੌਜੂਦਗੀ ਹੈ? ਕੀ ਉਨ੍ਹਾਂ ਦੇ ਸੰਪਰਕ ਵੇਰਵੇ ਜਾਇਜ਼ ਹਨ? ਕੀ ਇਹ ਵਿਦੇਸ਼ ਵਿੱਚ ਅਧਾਰਤ ਹੈ?

### ਮਨ੍ਹਾ ਕਰੋ

- ਵੱਡੀਆਂ ਰਕਮਾਂ ਦੀ ਪੇਸ਼ਕਸ਼ ਕਰਨ ਵਾਲੀਆਂ ਕਿਸੇ ਵੀ ਔਨਲਾਈਨ ਪੋਸਟਾਂ ਨਾਲ ਨਾ ਜੁੜੋ।
- ਉਹਨਾਂ ਲੋਕਾਂ ਤੋਂ ਆਈਆਂ ਮੈਸਜ਼ ਬੇਨਤੀਆਂ ਨੂੰ ਸਵੀਕਾਰ ਨਾ ਕਰੋ ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ ਹੋ, ਅਤੇ ਜੇਕਰ ਤੁਸੀਂ ਕਿਸੇ ਦੋਸਤ ਤੋਂ ਕਲਿੱਕ ਕਰਨ ਲਈ ਇੱਕ ਲਿੰਕ ਵਾਲਾ ਮੈਸਜ਼ ਪ੍ਰਾਪਤ ਕਰਦੇ ਹੋ, ਤਾਂ ਕੁੱਝ ਕਰਨ ਤੋਂ ਪਹਿਲਾਂ ਉਹਨਾਂ ਨਾਲ ਵਿਅਕਤੀਗਤ ਤੌਰ 'ਤੇ ਗੱਲ ਕਰੋ।
- ਬੈਂਕ ਅਤੇ ਨਿੱਜੀ ਵੇਰਵਿਆਂ ਨੂੰ ਕਿਸੇ ਵੀ ਵਿਅਕਤੀ ਨਾਲ ਸਾਂਝਾ ਨਾ ਕਰੋ ਜਿਸਨੂੰ ਤੁਸੀਂ ਨਹੀਂ ਜਾਣਦੇ ਜਾਂ ਭਰੋਸਾ ਨਹੀਂ ਕਰਦੇ ਹੋ - ਇੱਥੋਂ ਤੱਕ ਕਿ ਦੋਸਤਾਂ ਨਾਲ ਜਾਂ ਪਰਿਵਾਰ ਵਿੱਚ ਵੀ ਨਹੀਂ।
- ਜੇਕਰ ਕੋਈ ਤੁਹਾਡਾ ਖਾਤਾ 'ਉਧਾਰ' ਲੈਣ ਲਈ ਕਹਿੰਦਾ ਹੈ, ਤਾਂ ਨਾਂਹ ਕਰੋ।
- ਜੇ ਤੁਹਾਨੂੰ ਸ਼ੱਕ ਹੈ ਕਿ ਕੁੱਝ ਸਹੀ ਨਹੀਂ ਹੈ, ਤਾਂ ਉਸ ਪੇਸ਼ਕਸ਼ ਨੂੰ ਮਨ੍ਹਾ ਕਰ ਦਿਓ।

### ਸਵੀਕਾਰ ਕਰੋ

- ਨਾਮਵਰ ਨੌਕਰੀ ਸਾਈਟਾਂ ਅਤੇ ਰਜਿਸਟਰਡ ਕਾਰੋਬਾਰਾਂ ਨਾਲ ਜੁੜੇ ਰਹੋ।

ਵਧੇਰੇ ਜਾਣੋ

www.cyber.gov.au 'ਤੇ ਰਿਪੋਰਟ ਬਟਨ ਦੀ ਵਰਤੋਂ ਕਰਕੇ ਪੁਲਿਸ ਨੂੰ ਮਨੀ ਮਿਊਲਿੰਗ ਦੀ ਸ਼ਿਕਾਇਤ ਕਰੋ

AFP

JPC3 JOINT POLICING CYBERCRIME COORDINATION CENTRE